

# ਸਾਡੇ ਸਾਰਿਆਂ ਲਈ ਇੱਕ ਬਹੁ-ਸੱਭਿਆਚਾਰਕ ਭਵਿੱਖ

### ਕਵੀਂਸਲੈਂਡ ਦੀ ਬਹੁ-ਸੱਭਿਆਚਾਰਕ ਨੀਤੀ 2011

## ਬਹੁ-ਸੱਭਿਆਚਾਰਕ ਕਵੀਂਸਲੈਂਡ

ਕਵੀਂਸਲੈਂਡ ਦਾ ਬਹੁ-ਸੱਭਿਆਚਾਰਕ ਵਿਰਸਾ ਮਾਨਯੋਗ ਅਤੇ ਜੀਵੰਤ ਹੈ, ਅਤੇ ਸਾਡੀ ਭਿੰਨਤਾ ਸਾਡੀ ਸਭ ਤੋਂ ਵੱਡੀਆਂ ਤਾਕਤਾਂ ਵਿਚੋਂ ਇੱਕ ਹੈ।

ਸ਼ੁਰੂਆਤੀ ਆਬਾਦਕਾਰਾਂ ਤੋਂ ਲੈ ਕੇ ਹਾਲ ਹੀ ਦੇ ਪ੍ਰਵਾਸੀਆਂ, ਸ਼ਰਨਾਰਥੀਆਂ ਅਤੇ ਮਾਨਵਤਾਵਾਦ ਦੇ ਅਧਾਰ ਤੇ ਪ੍ਰਵੇਸ਼ ਕਰਨ ਵਾਲੇ ਲੋਕਾਂ ਤਕ, ਪੀੜ੍ਹੀ ਦਰ ਪੀੜ੍ਹੀ ਨੇ ਆਧੁਨਿਕ ਕਵੀਂਸਲੈਂਡ ਦਾ ਵਿਕਾਸ ਕੀਤਾ ਹੈ। ਹਰ ਕੌਮ ਨੇ ਕਵੀਂਸਲੈਂਡ ਦੀ ਸੱਭਿਆਚਾਰਕ ਧਰੋਹਰ, ਵਿਰਾਸਤ ਅਤੇ ਸੰਪਦਾ ਵਿੱਚ ਯੋਗਦਾਨ ਦਿੱਤਾ ਹੈ।

## ਤੱਥ ਅਤੇ ਅੰਕੜੇ

| | |
|---|---|
| ਕਵੀਂਸਲੈਂਡ ਦੀ ਅਨੁਮਾਨਿਤ ਅਬਾਦੀ (2011) | 4.58 ਮਿਲਿਅਨ (45.8 ਲੱਖ) |
| ਵਿਦੇਸ਼ 'ਚ ਜੰਮੇ ਲੋਕ | 6 ਵਿਚੋਂ 1 |
| 2056 ਤਕ ਕਵੀਂਸਲੈਂਡ ਦੀ ਅਬਾਦੀ | 7.9 ਮਿਲਿਅਨ (79 ਲੱਖ) |
| ਅਬਾਦੀ 'ਚ ਵਾਧਾ | ਹਰ ਸਾਲ 76,040, ਵਿਦੇਸ਼ੀ ਪ੍ਰਵਾਸ (ਮਾਇਗ੍ਰੇਸ਼ਨ) ਤੋਂ 41.6 ਪ੍ਰਤਿਸ਼ਤ |
| ਆਸਟ੍ਰੇਲੀਆ ਦੀ ਆਰਥਿਕਤਾ ਤੇ ਪ੍ਰਵਾਸੀਆਂ ਦਾ ਯੋਗਦਾਨ | $1.16 ਬਿਲਿਅਨ ($1.16 ਅਰਬ) |
| ਕਵੀਂਸਲੈਂਡ 'ਚ ਆਉਣ ਵਾਲੇ ਕੁਸ਼ਲ ਪ੍ਰਵਾਸੀ | ਹਰ ਸਾਲ 16,290 |
| ਮਾਨਵਤਾਵਾਦ ਦੇ ਅਧਾਰ ਤੇ ਪ੍ਰਵੇਸ਼ ਕਰਨ ਵਾਲੇ ਲੋਕ (Humanitarian entrants) | ਹਰ ਸਾਲ 1470 |

## ਬਹੁ-ਸੱਭਿਆਚਾਰਕ ਕਵੀਂਸਲੈਂਡ ਵਾਸਤੇ ਸਿਧਾਂਤ

ਸਾਰੇ ਕਵੀਂਸਲੈਂਡ ਵਾਸੀ/ਵਾਸੀਆਂ:

- ਕਵੀਂਸਲੈਂਡ ਅਤੇ ਆਸਟ੍ਰੇਲੀਆ ਦੇ ਪ੍ਰਤੀ ਸਮਾਨ ਰੂਪ ਨਾਲ ਵਚਨਬੱਧ ਹਨ
- ਸਾਡੀਆਂ ਬਰਾਦਰੀਆਂ 'ਚ ਭਿੰਨਤਾ ਦੁਆਰਾ ਪਾਏ ਜਾਉਣ ਵਾਲੇ ਯੋਗਦਾਨ ਦਾ ਸਵਾਗਤ ਅਤੇ ਮਾਣ ਕਰਦੇ ਹਨ
- ਪ੍ਰਦੇਸ਼ ਦੇ ਕਾਨੂੰਨਾਂ ਦਾ ਪਾਲਣ ਕਰਨ ਪ੍ਰਤੀ ਉੱਤਰਦਾਈ ਹਨ ਅਤੇ ਉਹਨਾਂ ਲੋਕਤੰਤ੍ਰੀ ਕਿਰਿਆਵਾਂ ਦਾ ਸਨਮਾਨ ਕਰਦੇ ਹਨ ਜਿਹਨਾਂ ਹੇਠ ਕਾਨੂੰਨ ਬਣਾਏ ਜਾਂਦੇ ਹਨ
- ਨਾਲ ਸਾਡੀ ਸੱਭਿਆਚਾਰਕ, ਧਾਰਮਿਕ, ਜਾਤ ਸੰਬੰਧੀ ਅਤੇ ਭਾਸ਼ਾਈ ਪਿਛੋਕੜ ਤੇ ਧਿਆਨ ਦਿੱਤੇ ਬਗੈਰ, ਨਿਆਂ ਪੂਰਣ ਢੰਗ ਨਾਲ ਅਤੇ ਆਪਸੀ ਸਨਮਾਨ ਤੇ ਸਮਝ ਨਾਲ ਸਲੂਕ ਕੀਤਾ ਜਾਂਦਾ ਹੈ
- ਸਾਡੇ ਸਾਂਝੇ ਕਾਨੂੰਨਾਂ, ਮੁੱਲਾਂ, ਅਰਮਾਨਾਂ ਅਤੇ ਫਰਜ਼ਾਂ ਦੇ ਹੇਠ ਸਾਡੇ ਸੱਭਿਆਚਾਰਾਂ ਨੂੰ ਅਭਿਵਿਅਕਤ ਕਰ ਸਕਦੇ ਹਨ ਅਤੇ ਉਹਨਾਂ ਦਾ ਪ੍ਰਚਾਰ ਕਰ ਸਕਦੇ ਹਨ
- ਕਵੀਂਸਲੈਂਡ ਦੇ ਚਿਰਸਥਾਈ ਵਿਕਾਸ ਵਾਸਤੇ ਕੰਮ ਕਰਦੇ ਹਨ
- ਕੋਲ ਇਸ ਪ੍ਰਦੇਸ਼ ਦੀ ਆਰਥਿਕ, ਸਮਾਜਕ, ਸੱਭਿਆਚਾਰਕ ਅਤੇ ਰਾਜਨੀਤਿਕ ਗਤਿਵਿਧਿਆਂ 'ਚ ਭਾਗ ਲੈਣ ਅਤੇ ਉਹਨਾਂ 'ਚ ਯੋਗਦਾਨ ਦੇਣ ਦੇ ਮੌਕੇ ਉਪਲਬਧ ਹਨ
- ਨੂੰ ਪ੍ਰਦੇਸ਼ ਦੁਆਰਾ ਉਪਲਬਧ ਕਰਾਈ ਜਾਉਣ ਵਾਲੀ ਜਾਂ ਪ੍ਰਦੇਸ਼ ਦੁਆਰਾ ਫੰਡ ਪ੍ਰਾਪਤ ਸੇਵਾਵਾਂ ਤਕ ਸਹੀ ਪਹੁੰਚ ਪ੍ਰਾਪਤ ਹੈ
- ਕਵੀਂਸਲੈਂਡ ਨੂੰ ਪ੍ਰਬਲ, ਸਮਾਰਟ, ਹਰਾ-ਭਰਾ, ਤੰਦਰੁਸਤ ਅਤੇ ਨਿਆਂ ਪੂਰਣ ਬਣਾਉਣ ਲਈ ਸਾਡੇ ਟੀਚੇ ਅਤੇ ਜਤਨ ਦੇ ਫਾਇਦਿਆਂ 'ਚ ਹਿੱਸੇਦਾਰ ਬਣਦੇ ਹਨ।

Queensland Government



## ਨੀਤੀ ਦੇ ਵਿਸ਼ੇ

ਕਵੀਂਸਲੈਂਡ ਦੀ ਨਵੀਂ ਬਹੁ-ਸੱਭਿਆਚਾਰਕ ਨੀਤੀ – *ਸਾਡੇ ਸਾਰਿਆਂ ਲਈ ਇੱਕ ਬਹੁ-ਸੱਭਿਆਚਾਰਕ ਭਵਿੱਖ*, ਕਵੀਂਸਲੈਂਡ ਸਰਕਾਰ ਲਈ ਪ੍ਰਾਥਮਿਕਤਾਵਾਂ ਨੂੰ ਦਰਸਾਉਂਦੀ ਹੈ; ਸਾਡੇ ਵਿਭਾਗ ਅਤੇ ਸਾਡੀਆਂ ਏਜੰਸੀਆਂ ਇਹਨਾਂ ਮੁੱਖ ਵਿਸ਼ਿਆਂ ਤੇ ਕੰਮ ਕਰਨਗੀਆਂ:

- ਬਹੁ-ਸੱਭਿਆਚਾਰ ਦੀ ਪਛਾਣ ਕਰਨ ਵਾਲੇ ਕਾਨੂੰਨ
- ਭਾਸ਼ਾ, ਸੂਚਨਾ ਅਤੇ ਸੰਚਾਰ
- ਸੇਵਾ ਪ੍ਰਦਾਨ ਕਰਨ ਦੀ ਕਿਰਿਆ ਨੂੰ ਬੇਹਤਰ ਬਣਾਉਨਾ
- ਖੇਤਰੀ ਅਤੇ ਉਗਮੀ ਬਰਾਦਰੀਆਂ
- ਕੁਸ਼ਲਤਾਵਾਂ, ਨੌਕਰੀਆਂ ਤੇ ਉਦਯੋਗ, ਅਤੇ
- ਸਮਾਵੇਸ਼ੀ ਬਰਾਦਰੀਆਂ।

## ਹੋਰ ਜਾਣਕਾਰੀ

ਸਾਡੇ ਸਾਰਿਆਂ ਵਾਸਤੇ ਇੱਕ ਬਹੁ-ਸੱਭਿਆਚਾਰਕ ਭਵਿੱਖ ਅਤੇ ਨਾਲ ਹੀ ਕਵੀਂਸਲੈਂਡ ਮਲਟੀਕਲਚਰਲ ਦੇ ਬਾਰੇ 'ਚ ਹੋਰ ਜਾਣਕਾਰੀ ਲਈ ਕਾਰਜ ਯੋਜਨਾ 2011-14, ਮਲਟੀਕਲਚਰਲ ਅਫੇਅਰਸ ਕਵੀਂਸਲੈਂਡ ਨੂੰ 131304 ਤੇ ਸੰਪਰਕ ਕਰੋ ਜਾਂ ਵੈੱਬ-ਸਾਈਟ ਵੇਖੋ www.communities.qld.gov.au/multicultural

2393-11ਜੁਲਾਈY11